# ਖਿਵਣ
(ਹਾਇਕੂ)

**ਮਹਾਨ ਕੋਸ਼ ਅਨੁਸਾਰ ਸ਼ਬਦ ਖਿਵਣ ਦੇ ਅਰਥ ਹਨ:**

ਖਿਵਣ ਕ੍ਰਿ-ਦੇਖੋ, ਖਿਮਕਣਾ ਖਿਵੰਤ ਬਿੱਜ ਜਵਾਲਿਕਾ
1. (ਗਯਾਨ) ਚਮਕੰਤ ਵਿਦਯੁਤ ਜਵਾਲਾ ਬਿਜਲੀ ਦੀ ਲਾਟ ਚਮਕਦੀ ਹੈ
2. ਖਿਮਕਣਾ ਕ੍ਰਿ-ਕ੍ਸ਼ਣਪ੍ਰਭਾ (ਬਿਜਲੀ) ਦਾ ਚਮਕਣਾ, ਲਿਸ਼ਕਣਾ

# ਖਿਵਣ

(ਹਾਇਕੂ)

ਗੁਰਮੀਤ ਸੰਧੂ

**Khivan**
(Haiku)
*by*


**Gurmeet Sandhu**
43459 Castlewood Drive
NOVI, Michigan 48375, USA
E-mail: gurmeetss@live.com
www.haikupunjabi.wordpress.com
Tel: (USA) 248-449-6108


ਸਰਵਰਕ: ਜਸਵਿੰਦਰ ਸਿੰਘ


2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219



*© 2010, Author*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of the copyright owner.*

**ਸਮਰਪਤ**

ਬਾਪੂ ਜੀ ਸਵਰਗਵਾਸੀ ਮੇਜਰ ਹੁਕਮ ਸਿੰਘ ਦੀ ਯਾਦ ਨੂੰ
ਅਤੇ ਬੀ ਜੀ ਸਰਦਾਰਨੀ ਸੁਰਜੀਤ ਕੌਰ ਨੂੰ

# ਧੰਨਵਾਦ

ਡਾ. ਸੁਖਪਾਲ
ਮੋਹ ਅਤੇ ਚੜ੍ਹਦੀ ਕਲਾ ਲਈ,
ਸਾਰੀ ਪੁਸਤਕ ਦਾ ਪਾਠ ਕਰਨ
ਅਤੇ ਆਪਣੇ ਬਹੁਮੁੱਲੇ ਸੁਝਾ ਦੇਣ ਲਈ

ਡਾ. ਤੇਜਵੰਤ ਸਿੰਘ ਗਿੱਲ, ਬਲਰਾਜ ਚੀਮਾ,
ਦਵਿੰਦਰ ਪੂਨੀਆ, ਦਰਬਾਰਾ ਸਿੰਘ, ਕਿਰਪਾਲ ਸਿੰਘ ਪੰਨੂ,
ਜਗਜੀਤ ਸੰਧੂ

ਆਪਣੀ ਜੀਵਨ ਸਾਥਣ ਰਾਜ ਸੰਧੂ ਦਾ,
ਸਾਰੇ ਪਿਆਰ ਲਈ,
ਜਿਸਨੇ ਮੈਨੂੰ ਡੋਲਣ ਤੋਂ ਬਚਾਈ ਰਖਿਆ
ਅਤੇ
ਪੂਰੇ ਪਰਿਵਾਰ ਦਾ

# ਰੰਗਾਂ ਦਾ ਬੁਣਤੀਕਾਰ

ਗੁਰਮੀਤ ਸੰਧੂ ਝੜਦੇ ਪੱਤਿਆਂ ਦੀ ਉਮਰ ਵਿਚ ਲਿਖਣ ਲਗਾ ਹੈ ਪਰ ਹੁਣ ਉਹਨੂੰ ਪੱਤੇ ਝੜਦੇ ਨਹੀਂ ਦਿਸਦੇ, ਸੂਰਜ ਕਿਰਦਾ ਦਿਸਦਾ ਹੈ ਰੰਗ ਵਟਾ ਵਟਾ ਕੇ:

ਝੜਦੇ ਪਤੇ
ਢਲਦਾ ਸੂਰਜ
ਰੰਗ ਵਟਾ ਕੇ

ਕਵਿਤਾ ਕਿਸੇ ਰੁਤ ਵੀ ਆਵੇ, ਬੰਦੇ ਦੀ ਅੱਖ ਵਟ ਜਾਂਦੀ ਹੈ ਓਦੋਂ ਸਾਖਾ ਵੇਸ ਕਰਦੀ ਦਿਸਦੀ ਹੈ ( ਵੈਸਾਖੁ ਭਲਾ ਸਾਖਾ ਵੇਸ ਕਰੇ —ਨਾਨਕ) ਤੇ ਜ਼ਿੰਦਗੀ ਜਿਉਣ ਜੋਗੀ ਹੋ ਜਾਂਦੀ ਹੈ

ਪੰਜਤਾਲੀ ਵਰ੍ਹੇ ਪਹਿਲਾਂ ਗੁਰਮੀਤ ਮੇਰਾ ਵਿਦਿਆਰਥੀ ਸੀ ਉਹ ਹੁਣ ਵੀ ਓਵੇਂ ਹੀ ਸਮਝਦਾ ਹੈ ਖਿਵਣ ਦੇ ਹਾਇਕੂ ਇਸ ਸਿਖਿਆਰਥੀ ਦੇ ਅਭਿਆਸ ਹਨ ਪੂਰਨੇ ਪਾਉਣ ਵਰਗਾ ਅਭਿਆਸ ਉਂਜ ਅਭਿਆਸ ਹਰ ਕਵਿਤਾ ਦਾ ਅਨਿੱਖੜ ਅੰਗ ਹੁੰਦਾ ਹੈ ਹਰ ਨਵੀਂ ਕਵਿਤਾ ਲਿਖਣ ਵੇਲੇ ਕਵੀ ਅਨਪੜ੍ਹ ਹੁੰਦਾ ਹੈ, ਨਵੇਂ ਸਿਰੇ ਤੋਂ ਲਿਖਣਾ ਸਿਖਦਾ ਹੈ ਗੁਰਮੀਤ ਦਾ ਸਿਖਿਆਰਥੀ ਹੋਣਾ ਉਹਦੇ ਭਲੇ ਦੀ ਹੀ ਗੱਲ ਹੈ

ਖਿਵਣ ਹੀ ਨਹੀਂ, ਪੰਜਾਬੀ ਦੀ ਸਮੁੱਚੀ ਹਾਇਕੂ ਰਚਨਾ ਅਜੇ ਅਭਿਆਸ ਤੇ ਖੜ੍ਹੀ ਹੈ ਪੰਜਾਬੀ ਸੁਰਤ ਵਿਚ ਅਜੇ ਹਾਇਕੂ ਸੰਵੇਦਨਾ ਪੈਦਾ ਨਹੀਂ ਹੋਈ ਅਸੀਂ ਅਜੇ ਵੀ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਸੁਲਤਾਨ ਮੰਨਦੇ ਹਾਂ ਤੇ ਬਾਕੀ ਜੂਨਾਂ ਨੂੰ ਆਪਣੀਆਂ ਪਣਹਾਰੀਆਂ

ਹਾਇਕੂ ਸ੍ਰਿਸ਼ਟੀ ਨੂੰ ਇਕ ਅੱਖ ਨਾਲ ਵੇਖਦਾ ਹੈ ਹੋਣ (existential) ਦੇ ਪੱਧਰ ਤੇ ਕੀੜੀ ਹਾਥੀ ਤੇ ਮਨੁੱਖ ਇਕੋ ਜਿਹੇ ਹਨ; ਹੋ ਰਹੇ ਹਨ, ਤੇ ਬਿਣਸ ਰਹੇ ਹਨ ਹਾਇਕੂ ਹੋਣ ਦੀ ਲੀਲਾ ਦੀ ਕਵਿਤਾ ਹੈ ਵਾਹੁ ਵਾਹੁ ਦੇ ਬਡੇ ਤਮਾਸ਼ੇ ਦੀ ਇਹ ਮਨੁੱਖ ਦੇ ਦੁਖ ਸੁਖ ਨੂੰ ਤੇ ਇਹਦੀ ਸਮਾਜਕਤਾ ਨੂੰ ਅਣਗੌਲ਼ਿਆ ਨਹੀਂ ਕਰਦੀ ਇਸਨੂੰ ਹੋਂਦ ਦੇ ਵਡੇ ਪਰਸੰਗ ਵਿਚ ਰਖ ਕੇ ਵੇਖਦੀ ਹੈ

ਪੰਜਾਬੀ ਦੀ ਹਾਇਕੂ ਕਵਿਤਾ ਨੇ ਅਜੇ ਹੋਣ ਦੀ ਕਵਿਤਾ ਬਣਨਾ ਹੈ ਇਹ ਅਉਖੀ ਘਾਟੀ ਹੈ ਖਿਵਣ ਦਾ ਇਹ ਹਾਇਕੂ ਇਸ ਔਖ ਨੂੰ ਨੰਗਾ ਕਰਦਾ ਹੈ:

ਬਾਬੇ ਦੀ ਅਰਥੀ ਚੱਲੀ
ਖੂੰਜੇ ਖੂੰਡੀ
ਖੜ੍ਹੀ ਇਕੱਲੀ

ਇਹ ਹਾਇਕੂ 'ਮਿਰਤੂ' ਦੇ ਵਰਤਾਰੇ ਨੂੰ ਖੂੰਡੀ ਦੇ ਪਰਤੀਕ ਰਾਹੀਂ ਮਾਨਵੀ ਪਰਸੰਗ ਤੋਂ ਬਾਹਰ ਲਿਜਾਣ ਦਾ ਜਤਨ ਕਰਦਾ ਹੈ ਪਰ ਖੂੰਡੀ ਨੂੰ 'ਇਕੱਲੀ' ਕਹਿਕੇ ਉਹ ਓਥੇ ਹੀ ਪਰਤ ਆਉਂਦਾ ਹੈ ਖੂੰਡੀ, ਖੂੰਡੀ ਨਹੀਂ ਰਹਿੰਦੀ, ਮਨੁੱਖੀ ਇਕੱਲ ਦਾ ਪਰਤੀਕ ਬਣ ਜਾਂਦੀ ਹੈ ਅਚੇਤ ਹੀ ਉਹ ਮਨੁੱਖ ਦੀ ਪਣਹਾਰੀ ਬਣ ਜਾਂਦੀ ਹੈ ਤੇ ਆਪਣੇ ਹੋਣ ਦਾ ਅਰਥ ਗੁਆ ਲੈਂਦੀ ਹੈ ਜੇ ਇਉਂ ਨਾ ਹੁੰਦਾ ਇਸ ਹਾਇਕੂ ਵਿਚੋਂ ਅਨੇਕ ਅਰਥ ਨਿਕਲਦੇ ਕਿਸੇ ਨੂੰ ਇਸ 'ਚੋਂ ਵਿਅੰਗ ਦਿਸਦਾ ਕਿ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਸੁਲਤਾਨ ਮੰਨਣ ਵਾਲੇ ਦੀ ਹੋਂਦ ਉਸਦੀ ਖੂੰਡੀ ਦੀ ਹੋਂਦ ਨਾਲੋਂ ਵੀ ਛੋਟੀ ਹੈ ਕਿਸੇ ਨੂੰ ਇਸ ਵਿਚ ਹੋਂਦ ਵਗਦੀ ਦਿਸਦੀ: ਬਾਬੇ ਤੋਂ ਖੂੰਡੀ ਵਿਚ, ਖੂੰਡੀ ਤੋ ਕਿਸੇ ਹੋਰ ਵਸਤ ਵਿਚ ਕਿਸੇ ਨੂੰ ਲਗਦਾ ਬਾਬੇ ਨੇ ਤੇ ਖੂੰਡੀ ਨੇ ਤੇ ਹੋਰ ਚੀਜ਼ਾਂ ਨੇ ਇਕੋ ਹੋਂਦ ਚੁਕੀ ਹੋਈ ਹੈ ਤੇ ਹੋਰ ਬੜਾ ਕੁਝ

ਗੁਰਮੀਤ ਨੂੰ ਸ਼ਾਇਦ ਅਹਿਸਾਸ ਹੈ ਕਿ ਹਾਇਕੂ ਦੇ ਪਰਾਣ ਹੋਣ ਦੀ ਮਹਿਮਾ ਕਰਨ ਵਿਚ ਹੈ ਇਸ ਹਾਇਕੂ ਵਿਚ ਇਸ ਦੇ ਦਰਸ਼ਨ ਹੁੰਦੇ ਹਨ:

ਬੁਣ ਰਹੇ ਨੇ
ਜੁਲਾਹਾ ਖੱਡੀ 'ਤੇ
ਮੱਕੜੀ ਛੱਤ 'ਤੇ

ਬੁਣਨਾ, ਹੋਣਾ ਹੈ ਬੁਣਨ ਵਿਚ ਜੁਲਾਹਾ ਤੇ ਮੱਕੜੀ ਦੋਵੇਂ ਹੋ ਰਹੇ ਹਨ ਹਾਇਕੂ ਇਹ ਨਹੀਂ ਦਸਦਾ ਕਿ ਉਹ ਕੀ ਬੁਣ ਰਹੇ ਹਨ ਤੇ ਕੇਹੋ ਜਿਹਾ ਬੁਣ ਰਹੇ ਹਨ ਇਹ ਵਿਆਖਿਆਕਾਰ ਦਾ ਕੰਮ ਹੈ

ਮੇਰੀ ਕਾਮਨਾ ਹੈ, ਗੁਰਮੀਤ ਜੁਲਾਹੇ ਤੇ ਮਕੜੀ ਨਾਲ ਰਲਕੇ ਬੁਣਦਾ ਰਹੇ ਕੀ ਬੁਣਨਾ ਹੈ, ਉਹਨੂੰ ਦਸਣ ਦੀ ਲੋੜ ਨਹੀਂ ਖਿਵਣ ਸਾਡੇ ਸਾਹਮਣੇ ਹੈ ਉਮੀਦ ਹੈ ਪਾਠਕ ਇਹਨੂੰ ਸਵੀਕਾਰ ਕਰਨਗੇ

ਨਵਤੇਜ ਭਾਰਤੀ
ਲੰਡਨ, ਕੈਨੇਡਾ

# ਖਿਵਣ: ਕੁਝ ਵਿਚਾਰ ਤੇ ਪ੍ਰਭਾਵ

ਖਿਵਣ ਗੁਰਮੀਤ ਸੰਧੂ ਦਾ ਹਾਇਕੂ- ਸੰਗ੍ਰਹਿ ਹੈ ਕਾਵਿ ਦੇ ਖੇਤਰ ਵਿਚ ਇਹ ਉਸਦਾ ਪਹਿਲਾ ਯਤਨ ਹੈ ਪ੍ਰੋਢ ਉਮਰ ਵਿਚ ਆ ਕੇ ਉਹ ਹਾਇਕੂ ਕਿਉਂ ਲਿਖਣ ਲੱਗਾ, ਇਸਦਾ ਸੰਕੇਤ ਇਸ ਸੰਗ੍ਰਹਿ ਦੇ ਨਾਂ ਤੋਂ ਮਿਲ ਜਾਂਦਾ ਹੈ ਚਮਕਣਾ, ਲਿਸ਼ਕਣਾ ਜੋ ਇਸ ਸ਼ਬਦ ਦਾ ਭਾਵ ਹੈ, ਓਹੋ ਉਸਦੇ ਸੂਖਮ ਯਤਨ ਦਾ ਸਾਰ ਹੈ ਸਾਲ ਭਰ ਕਿਸੇ ਭੈਅਦਾਇਕ ਰੋਗ ਦੇ ਵਸ ਵਿਚ ਰਹਿ ਕੇ ਕੋਈ ਵੀ ਬੰਦਾ ਜਦੋਂ ਅਰੋਗ ਹੋ ਜਾਵੇ ਤਾਂ ਖੇੜਾ ਤਾਂ ਉਹ ਅਨੁਭਵ ਕਰਦਾ ਹੀ ਹੈ ਜੇ ਗੁਰਮੀਤ ਸੰਧੂ ਵਾਂਗ ਉਹ ਸੂਖਮ-ਚਿੱਤ ਹੋਵੇ ਤਾਂ ਹਾਇਕੂ ਵਰਗੇ ਅਤੀ ਸੰਖੇਪ ਕਾਵਿ-ਰੂਪ ਰਾਹੀਂ ਆਪਣੇ ਵਿਚਾਰਾਂ ਅਤੇ ਭਾਵਾਂ ਨੂੰ ਪ੍ਰਗਟ ਕਰਨਾ ਉਸਦਾ ਕੁਦਰਤੀ ਵਿਹਾਰ ਬਣ ਜਾਂਦਾ ਹੈ ਇਸ ਸੰਗ੍ਰਹਿ ਤੋਂ ਸਾਫ ਲੱਗਦਾ ਹੈ ਕਿ ਅਜੇਹਾ ਕਰਨਾ ਉਸ ਲਈ ਸਹਿਜ ਸੁਭਾ ਬਣ ਗਿਆ ਹੈ

ਇਸ ਸੰਗ੍ਰਹਿ ਦੇ ਰਚੇ ਜਾਣ ਦਾ ਇਹ ਜਾਤੀ ਕਾਰਨ ਹੈ ਪੰਜ ਸਦੀਆਂ ਪਹਿਲਾਂ ਜੀਵਨ ਦੇ ਜਿਸ ਸਥਲ ਤੇ ਜਾਪਾਨ ਵਿਚ ਇਸ ਕਾਵਿ-ਰੂਪ ਦਾ ਜਨਮ ਹੋਇਆ ਉਸ ਨਾਲ ਇਕ ਪ੍ਰਕਾਰ ਇਹ ਮੇਲ ਖਾਂਦਾ ਹੈ ਸ਼ਾਂਤੂ ਨਾਂ ਦੇ ਬੰਧਨ-ਯੁਕਤ ਧਰਮ ਨੇ ਜਾਪਾਨੀ ਜੀਵਨ ਨੂੰ ਜਕੜਿਆ ਹੋਇਆ ਸੀ ਬੁੱਧ ਧਰਮ ਨਾਲ ਜੋ ਇਸ ਜੀਵਨ ਦੀ ਰਸਾਈ ਬਣੀ ਉਸ ਵਿਚ ਇਸਨੂੰ ਬੰਧਨ-ਮੁਕਤ ਕਰ ਦੇਣ ਦਾ ਇਕਰਾਰ ਸੀ ਇਸ ਇਕਰਾਰ ਨੂੰ ਚਮਕਾਣ, ਲਿਸ਼ਕਾਣ, ਮੋਹਵੰਤ ਦਰਸਾਣ ਖਾਤਰ ਜਾਪਾਨੀ ਕਵੀਆਂ ਨੇ ਇਸ ਕਾਵਿ-ਰੂਪ ਦਾ ਸਹਾਰਾ ਲਿਆ

ਵਾਸਤਵ ਵਿਚ ਹਰ ਖੇਤਰ ਅਤੇ ਦੇਸ਼ ਦੇ ਇਹ ਸੰਕਟ ਹਿੱਸੇ ਆਇਆ ਹੈ  ਅਤੀਤ ਤਾਂ ਇਸ ਨਾਲ ਓਤ ਪੋਤ ਸੀ, ਵਰਤਮਾਨ ਵਿਚ ਵੀ ਇਸਦਾ ਕੋਈ ਅੰਤ ਨਹੀਂ  ਭਵਿੱਖ ਵਿਚ ਹੋ ਸਕਦਾ ਇਹ ਹੋਰ ਦੀਰਘ ਬਣ ਜਾਵੇ  ਇਹੋ ਕਾਰਨ ਹੈ ਕਿ ਦੁਨੀਆਂ ਦੇ ਅਨੇਕ ਖੇਤਰਾਂ ਅਤੇ ਦੇਸ਼ਾਂ ਦੀਆਂ ਬੋਲੀਆਂ ਵਿਚ ਹਾਇਕੂ ਜਾਂ ਇਸ ਵਰਗੇ ਸੂਖਮ ਸੰਖੇਪ ਕਾਵਿ-ਰੂਪ ਨੇ ਜਨਮ ਲੈ ਰੱਖਿਆ ਹੈ ਪੰਜਾਬੀ ਵਿਚ ਕੁਝ ਸਾਲ ਪਹਿਲਾਂ ਇਸਦਾ ਬੀਜ ਬੋਇਆ ਗਿਆ ਜੋ ਹੁਣ ਪੌਦੇ ਦੇ ਰੂਪ ਵਿਚ ਵਧ ਗਿਆ ਹੈ  ਗੁਰਮੀਤ ਦਾ ਖਿਵਣ ਇਸ ਪੌਦੇ ਦਾ ਖਿੜਿਆ ਫੁੱਲ ਹੈ ਇਸ ਕਾਵਿ-ਰੂਪ ਦੇ ਜਾਪਾਨੀ ਮਾਹਰਾਂ ਕੁਝ ਸ਼ਬਦਾਂ ਦੇ ਇੱਕ ਸਤਰ ਵਿਚ ਸਿਰਜਣ ਨੂੰ ਸਹਿਜ ਮੰਨਿਆ ਸੀ  ਇਸ ਤਰ੍ਹਾਂ ਕਰਨਾ ਸੁਭਾਵਕ ਵੀ ਸੀ  ਜਾਪਾਨੀ ਬੋਲੀ ਦੀ ਵਰਣਮਾਲਾ ਚਿੱਤਰਮਈ ਹੈ  ਚਿੱਤਰ ਸਪੇਸ ਵਿਚ ਫੈਲਦਾ ਹੈ  ਇਸਤੋਂ ਕਾਲ ਦਾ ਭਾਵ ਗ੍ਰਹਿਣ ਕਰਨ ਲਈ ਇਕ ਸਤਰੀ ਪ੍ਰਬੰਧ ਯੋਗ ਸੀ  ਸਾਡੀਆਂ ਬੋਲੀਆਂ ਦੀ ਵਰਣਮਾਲਾ ਧੁਨੀ-ਰੂਪੀ ਹੈ  ਧੁਨੀ ਕਾਲ ਵਿਚ ਬਦਲਦੀ ਹੈ, ਜਿਸਨੂੰ ਇਕਾਗਰ ਕਰਨ ਲਈ ਇਕ ਸਤਰੀ ਪ੍ਰਬੰਧ ਯੋਗ ਨਹੀਂ ਸੀ  ਇਨ੍ਹਾਂ ਵਿਚ, ਪੰਜਾਬੀ ਸਮੇਤ, ਹਾਇਕੂ ਤਿੰਨ-ਸਤਰੀ ਪ੍ਰਬੰਧ ਵਿਚ ਪੇਸ਼ ਹੁੰਦਾ ਹੈ, ਤਾਂ ਜੋ ਇਸ ਵਿਚ ਪੇਸ਼ ਹੋਣ ਵਾਲੇ ਵਿਚਾਰ ਅਤੇ ਭਾਵ ਦਾ ਪ੍ਰਗਟਾ ਸੂਖਮ ਅਤੇ ਸੰਖੇਪ ਰਹੇ  ਪੰਜ ਸੱਤ ਲਫਜ਼ਾਂ ਨੂੰ ਸਤਾਰਾਂ ਮਾਤਰਾਂ ਵਿਚ ਬੰਨ੍ਹਣ ਦਾ ਯਤਨ ਕੀਤਾ ਜਾਂਦਾ ਹੈ  ਇਸ ਗਿਣਤੀ ਤੋਂ ਥੋੜਾ ਬਹੁਤ ਏਧਰ ਉੱਧਰ ਹੋਇਆ ਜਾ ਸਕਦਾ ਹੈ, ਪਰ ਇਸ ਨਾਲ ਕੋਈ ਖਿਲਵਾੜ ਨਹੀਂ ਕਰਨਾ ਬਣਦਾ

ਪੰਜਾਬੀ ਵਿਚ ਰਚੇ ਜਾ ਰਹੇ ਹਾਇਕੂ ਦੀ ਪ੍ਰੇਰਨਾ ਵਸ ਗੁਰਮੀਤ ਸੰਧੂ ਨੇ ਖਿਵਣ ਵਿਚ ਇਸ ਬੰਧੇਜ ਨੂੰ ਸ਼ੁਭ ਕਰ ਜਾਣਿਆ ਹੈ  ਉਸਨੇ ਜੋ ਵਿਚਾਰ ਅਤੇ ਭਾਵ, ਪੰਜਾਬ ਵਿਚ ਬਿਤਾਏ ਜੀਵਨ ਦੀ ਯਾਦ ਵਜੋਂ

ਜਾਂ ਪ੍ਰਵਾਸ ਵਿਚ ਭੋਗੇ ਜਾ ਰਹੇ ਅਨੁਭਵ ਵਜੋਂ, ਪ੍ਰਗਟਾਏ ਹਨ, ਉਨ੍ਹਾਂ ਲਈ ਇਹ ਬੰਧੇਜ ਗੁਣਕਾਰੀ ਸਿੱਧ ਹੋਇਆ ਹੈ ਜਿੱਥੇ ਬਿਤਾਏ ਜੀਵਨ ਵਲ ਸੰਕੇਤ ਹੈ, ਉੱਥੇ ਹੂਕ ਉੱਠਦੀ ਵੀ ਲਗਦੀ ਹੈ ਜੋ ਭੋਗੇ ਜਾ ਰਹੇ ਅਨੁਭਵ ਨਾਲ ਮੇਲ ਖਾਂਦਾ ਹੈ, ਉੱਥੇ ਹੇਕ ਜਿਹੀ ਬਣਦੀ ਵੀ ਲੱਗਦੀ ਹੈ

ਮੇਰੀ ਤਾਂ ਇਸ ਤੋਂ ਇਹ ਧਾਰਨਾ ਬਣਦੀ ਹੈ ਕਿ ਪੰਜਾਬੀ ਵਿਚ ਇਸ ਕਾਵਿ-ਰੂਪ ਦੀ ਜੋ ਰਚਨਾ ਹੋਵੇ ਉਸ ਵਿਚ ਲਿਸ਼ਕਣ, ਚਮਕਣ ਦਾ ਗੁਣ ਜਰੂਰ ਹੋਵੇ ਸਹਿਕ ਸਿਕੰਦੜੀ ਹੂਕ ਅਤੇ ਹੇਕ ਤੋਂ ਬਿਨਾਂ ਇਸ ਲਈ ਸਾਡੀ ਬਿਰਤੀ ਵਿਚ ਉੱਤਰ ਜਾਣਾ ਸੰਭਵ ਨਹੀਂ ਹੋਵੇਗਾ ਖਿਵਣ ਵਿਚ ਗੁਰਮੀਤ ਸੰਧੂ ਨੇ ਜੋ ਕਰ ਦਿਖਾਇਆ ਹੈ, ਵਿਚਾਰ ਅਤੇ ਭਾਵ ਨੂੰ ਚਮਕਾਣ ਲਿਸ਼ਕਾਣ ਦੇ ਨਾਲ ਹੂਕ ਅਤੇ ਹੇਕ ਨਾਲ ਪ੍ਰਣਾਨ ਦਾ ਯਤਨ ਕੀਤਾ ਹੈ, ਉਹ ਤਸੱਲੀ ਵਾਲੀ ਗੱਲ ਹੈ ਇਸ ਲਈ ਉਸਨੂੰ ਮੁਬਾਰਕ ਦੇਣੀ ਬਣਦੀ ਹੈ

(ਡਾ.) ਤੇਜਵੰਤ ਸਿੰਘ ਗਿੱਲ

# ਹਾਇਕੂ ਕੀ ਹੈ?

ਜਪਾਨੀ ਭਾਸ਼ਾ ਵਿਚ ਸਦੀਆਂ ਤੋਂ ਲਿਖੀ ਜਾ ਰਹੀ ਹਾਇਕੂ ਕਵਿਤਾ ਦੁਨੀਆਂ ਵਿਚ ਸਭ ਤੋਂ ਸੰਖਿਪਤ ਕਵਿਤਾ ਮੰਨੀ ਜਾਂਦੀ ਹੈ ਜਿਸ ਵਿਚ 17 ਧੁਨੀ-ਇਕਾਈਆਂ (onji) ਨੂੰ 5-7-5 ਕਰਕੇ ਤਿੰਨ ਪੰਕਤੀਆਂ ਵਿਚ ਲਿਖਿਆ ਹੁੰਦਾ ਹੈ ਅੱਖਰਾਂ ਦੀ ਗਿਣਤੀ ਨੂੰ ਹੀ ਹਾਇਕੂ ਸਮਝਣਾ ਹਾਇਕੂ ਦੀ ਮੂਲ ਧਾਰਨਾ ਅਤੇ ਸੰਵੇਦਨਾ ਨੂੰ ਅੱਖੋਂ ਓਹਲੇ ਕਰਨਾ ਹੈ ਕਿਉਂਕਿ ਹਾਇਕੂ ਇਕ ਕਾਵਿਕ ਰੂਪ ਹੀ ਨਹੀਂ, ਸਗੋਂ ਸ੍ਰਿਸ਼ਟੀ ਨੂੰ ਦੇਖਣ ਵਾਲੀ ਵਿਸ਼ੇਸ਼ ਦ੍ਰਿਸ਼ਟੀ ਵੀ ਹੈ ਹਾਇਕੂ ਹੁਣ ਦੁਨੀਆਂ ਦੀਆਂ ਤਕਰੀਬਨ ਸਾਰੀਆਂ ਭਾਸ਼ਾਵਾਂ ਵਿਚ ਲਿਖੀ ਜਾ ਰਹੀ ਹੈ ਹਾਇਕੂ ਦੇ ਰੂਪ ਅਤੇ ਥੀਮ ਵਿਚ ਨਵੇਂ ਨਵੇਂ ਪਰਯੋਗ ਹੋ ਰਹੇ ਹਨ ਹਰ ਭਾਸ਼ਾ ਇਸ ਨੂੰ ਆਪਣੇ ਸੁਭਾ ਅਨੁਸਾਰ ਢਾਲ ਰਹੀ ਹੈ ਪੰਜਾਬੀ ਸਾਹਿਤ ਖੇਤਰ ਵਿਚ ਹਾਇਕੂ ਦਾ ਪ੍ਰਵੇਸ਼ ਹੋ ਚੁਕਾ ਹੈ ਹਾਇਕੂ ਬਹੁਤ ਹੀ ਤੀਬਰਤਾ ਨਾਲ ਅਨੁਭਵ ਕੀਤੇ ਛਿਣ ਦਾ ਬਿਆਨ ਹੈ, ਜਿਸ ਨੂੰ ਕੁਦਰਤ ਅਤੇ ਮਨੁੱਖੀ ਫਿਤਰਤ ਦੀ ਸਾਂਝ ਦਰਸਾਉਂਦੇ ਠੋਸ ਬਿੰਬਾਂ ਦੁਆਰਾ ਘਟ ਤੋਂ ਘਟ ਸ਼ਬਦਾਂ ਰਾਹੀਂ ਤਿੰਨ ਪੰਕਤੀਆਂ ਵਿਚ ਪ੍ਰਗਟ ਕੀਤਾ ਹੁੰਦਾ ਹੈ

# ਪੰਜਾਬੀ ਹਾਇਕੂ

ਸੰਸਾਰ ਦੇ ਵਿਆਪਕ ਪਰੀਯ ਕਾਵਿਕ ਰੂਪ ਹਾਇਕੂ, ਦੀ ਪੰਜਾਬੀ ਕਵਿ-ਕਿਆਰੀ ਵਿੱਚ ਆਮਦ ਇੱਕ ਸ਼ੁਭ ਸ਼ਗਨ ਹੈ ਪੰਜਾਬੀ ਕਾਵਿ ਪ੍ਰੇਮੀਆਂ ਨੇ ਇਸ ਨੂੰ ਖਿੜੇ ਮੱਥੇ ਪ੍ਰਵਾਨਗੀ ਦਿੱਤੀ ਅਤੇ ਸ਼ੁਭ ਸਵੀਕ੍ਰਿਤੀ ਦੇ ਛਾਬੇ ਭਰ ਕੇ ਇਸ ਨੂੰ ਜੀ ਆਇਆਂ ਆਖਿਆ ਹੈ ਇਸ ਵਿੱਚੋਂ ਪੰਜਾਬੀ ਸੁਭਾਅ ਦੀ ਉਦਾਰਤਾ ਹੀ ਨਹੀਂ ਸਗੋਂ ਆਪਣੇ ਵਿਹੜੇ ਪੈਰ ਧਰਨ ਵਾਲੇ ਨੂੰ ਸੰਪੂਰਨ ਸਤਿਕਾਰ ਦੇਣ ਦਾ ਚਾਅ ਵੀ ਝਾਕਦਾ ਹੈ ਭਵਿਸ਼ ਦੀ ਨਾਭ ਅੰਦਰ ਝਾਤ ਪਾ ਕੇ ਕੋਈ ਨਹੀਂ ਵੇਖ ਸਕਿਆ ਪਰ ਹਾਇਕੂ ਨੂੰ ਹੁਣ ਤੀਕ ਮਿਲੀ ਵਿਆਪਕ ਪ੍ਰੀਯਤਾ ਦੇ ਸਨਮੁੱਖ ਸੁਖਾਵੇਂ ਤੇ ਸੁਜੀਵ ਭਵਿੱਖ ਦੀ ਗੂੜ੍ਹੀ ਆਸ ਬੱਝਦੀ ਹੈ ਇਤਿਹਾਸਕ ਦਿਰਸ਼ਟੀ ਤੋਂ ਵੇਖਿਆਂ, ਵਿਸ਼ਵ ਅੰਦਰ ਭਾਸ਼ਾਵਾਂ ਦੇ ਅੰਤਰਗਤ ਸਾਹਿਤਕ ਰੂਪਾਂ ਦਾ ਆਦਾਨ-ਪਰਦਾਨ ਸੁਭਾਵਕ ਤੇ ਕੁਦਰਤੀ ਵਰਤਾਰਾ ਬਣਿਆ ਰਿਹਾ ਹੈ ਪੰਜਾਬੀ ਸਾਹਿਤਕ ਸੁਭਾਅ ਤਾਂ ਵਦੇਸੀ ਭੋਂ ਵਿੱਚ ਜਨਮੇ ਸਾਹਿਤਕ ਰੂਪਾਂ ਨੂੰ ਨਿੱਘੀ ਹਿੱਕ ਨਾਲ ਲਾਉਣ ਵਿੱਚ ਕਦੇ ਵੀ ਪਿੱਛੇ ਨਹੀਂ ਰਿਹਾ ਇਹ ਗੁਣ ਇਸ ਭੋਂ ਦੀ ਅਨੰਤ ਸਮਰੱਥਾ ਹੈ ਅਤੇ ਕਦੀਮੀ ਸੁਭਾਅ ਦਾ ਖਾਸਾ ਵੀ ਅਣਗਿਣਤ ਉਧਾਰਨਾਂ ਇਸ ਵਰਤਾਰੇ ਦੇ ਸੱਚ ਦੀ ਸਾਖਸ਼ਾਤ ਗਵਾਹੀ ਭਰਦੀਆਂ ਹਨ

ਹਾਇਕੂ ਬਹੁਤ ਹੀ ਸੂਖ੍ਹਮ, ਨਿੱਕੀ ਜਿਹੀ, ਬੋਲਦੀ ਚੁੱਪ ਦੇ ਉਚਾਰਣ ਵਿੱਚੋਂ ਪੁੰਗਰਿਆ ਕਾਵਿ ਰੂਪ ਹੈ ਇਹ ਸਿਨਫ਼ (genre) ਜਾਪਾਨ ਦੇ ਰਮਣੀਕ ਦਰਿਸ਼ਾਂ, ਬੁੱਧ ਦੇ ਖਾਮੋਸ਼ ਸੁਨੇਹਿਆਂ ਤੇ ਸੰਕੇਤਾਂ ਅਤੇ ਇਸ ਮਤ ਦੀ ਧਾਰਾ ਜ਼ੇਨ ਦੇ ਸ਼ਾਂਤ ਧਰਾਤਲ ਚੋਂ ਉਗਮੀ ਹੈ ਹੁ

ਬਹੁ ਓਵੇਂ ਹੀ ਜਿਵੇਂ ਘੋਰ ਝੱਖੜ ਦੇ ਲੰਘ ਜਾਣ ਪਿੱਛੋਂ ਸ਼ਾਂਤ ਮੰਡਲ ਦਾ ਪਰਵਾਹ ਹੁਣ ਦੇ ਛਿਣ ਵਿੱਚ ਜੀਣ ਤੇ ਥੀਣ ਦੀ ਅਥਾਹ ਉਮੰਗ ਦੁੱਖ ਸੁੱਖ ਦੀਆਂ ਘੜੀਆਂ ਵਿੱਚ ਪੰਜਾਬੀਆਂ ਦਾ ਸਦੀਵੀ ਸਵਰਨ ਸੁਭਾ ਦਾ ਖੇੜਾ, ਇਸ ਹਾਇਕੂ ਲਈ ਅਤਿ ਉਪਜਾਊ ਭੋਂ ਸਾਬਤ ਹੋਇਆ ਹੈ ਸੁਭਾਅ ਦੇ ਇਸ ਅੰਸ਼ ਕਾਰਨ ਪੰਜਾਬੀ ਹਜ਼ਾਰ ਸਾਲ ਦੇ ਬਿਖੜੇ ਪੈਂਡੇ, ਆਸ਼ਾਵਾਦ ਦੀ ਲੋਅ ਤਲੀ ਉੱਤੇ ਰੱਖ, ਸਮਿਆਂ ਦੀ ਅਤਿ ਦੀ ਕਠਨ ਤੇ ਕਠੋਰ ਹਨੇਰੀ ਰਾਤ ਨੂੰ ਚੀਰ ਕੇ ਲੰਘ ਆਇਆ ਹੈ ਇਸ ਅਦਭੁਤ ਦ੍ਰਿਸ਼ ਵਿੱਚੋਂ ਜੋ ਹੈ ਸੋ ਹੈ ਦੇ ਮਹਾਂ ਮੂਲ਼ ਮੰਤਰ ਨੂੰ ਖਿੜੇ ਮੱਥੇ ਸਵੀਕਾਰ ਕਰਨ ਦੀ ਸਮਰੱਥਾ ਸੰਭਵ ਹੁੰਦੀ ਹੈ ਹਾਇਕੂ ਅੱਜ ਦੀ, ਹੁਣ ਦੀ, ਇਸ ਨਿਮਖ ਦੀ ਕਵਿਤਾ ਹੈ

ਲੇਖਕ ਦੀ ਕਾਮਨਾ ਆਪਣੇ ਆਂਤ੍ਰਕ ਅਨੁਭਵ ਅਤੇ ਉਸ ਦੇ ਅਹਿਸਾਸ ਨੂੰ ਪ੍ਰਗਟਾਕੇ ਮਾਨਵਤਾ ਨਾਲ ਸਾਂਝ ਪਾਉਣੀ ਹੁੰਦੀ ਹੈ ਕਵੀ ਦੀ ਉਸ ਭਾਵਨਾ ਨੂੰ ਹਾਇਕੂ ਵਸਤਰ ਪਵਾਉਣ ਵਿੱਚ ਆਪਣੇ ਸੁਬਕ, ਕੂਲੇ ਅਤੇ ਕੋਮਲ ਤਿਤਲੀ-ਖੰਭ ਪ੍ਰਦਾਨ ਕਰਦਾ ਹੈ ਉਸ ਦੇ ਅਨੁਭਵ ਦੀ ਧੁਰ ਅੰਦਰਲੀ ਸੁਰ, ਧੁਨੀ ਅਤੇ ਸੁਨੇਹੇ ਨੂੰ ਹੱਦ ਦਰਜੇ ਦੀ ਸੰਕੁਚਿਤ ਭਾਸ਼ਾ ਦੁਆਰਾ ਸਾਕਾਰ ਕਰਦਾ ਹੈ ਜਿਵੇਂ ਕਦੀਮੀ ਮਨੁੱਖ ਨੇ ਪ੍ਰਕਿਰਤੀ ਦੇ ਅਨੂਠੇ ਦਰਿਸ਼ ਨੂੰ ਤੱਕ ਕੇ, ਵਿਸਮਾਦ ਵਿੱਚ ਗੁਆਚ ਕੇ ਅਣਕਹੀ ਕਵਿਤਾ ਨੂੰ ਜਨਮ ਦਿੱਤਾ ਸੀ, ਓਵੇਂ ਹੀ ਬੁੱਧ ਸੁੱਧ ਕਾਵਿਕਤਾ ਦੀ ਸੁੱਧ ਘੜੀ ਹਾਇਕੂ ਦਾ ਆਦਿ ਅਤੇ ਅੰਤ ਬਣ ਨਿੱਖਰਦੀ ਹੈ

ਖਾਲੀ ਘਰ, ਦਿਵਾਲ਼ੀ
ਵਿਹੜੇ ਵਿਚ ਜੁਗਨੂੰ
ਕੋਠੇ ਉੱਤੇ ਤਾਰੇ

ਗੁਰਮੀਤ ਸੰਧੂ

ਅਸਲ ਵਿਚ ਪਰੰਪਰਕ ਕਵਿਤਾ ਦੇ ਸੰਵਧਾਨਿਕ ਬੰਧਨਾਂ ਤੋਂ ਮੁਕਤ ਹੋ ਹਾਇਕੂ ਸ਼ਬਦ-ਗਿਣਤੀ ਦੀ ਥਾਂ ਤਾਲ-ਗੁਣਤਾ ਨਾਲ ਵਿਆਹਿਆ ਗਿਆ

ਪਰਮਿੰਦਰ ਸੋਢੀ ਨੇ ਅਪਣੀ ਪੁਸਤਕ 'ਜਾਪਾਨੀ ਹਾਇਕੂ ਸ਼ਾਇਰੀ' ਰਾਹੀਂ ਪੰਜਾਬੀ ਲੇਖਕਾਂ/ਪਾਠਕਾਂ ਦਾ ਧਿਆਨ ਹਾਇਕੂ ਦੇ ਭਰਪੂਰ ਭੰਡਾਰ ਅਤੇ ਇਸ ਦੀਆਂ ਅਨੰਤ ਤੇ ਅਨੂਠੀਆਂ ਸੰਭਾਵਨਾਵਾਂ ਵੱਲ ਦਵਾਇਆ  ਅਮਰਜੀਤ ਸਾਥੀ ਦੀ ਨਿਰੋਲ ਹਾਇਕੂ ਦੀ ਪੁਸਤਕ 'ਨਿਮਖ' ਨੇ ਇਸ ਵਿਧਾ ਦੇ ਪਰਚਾਰ ਅਤੇ ਪਾਸਾਰ ਦਾ ਕਾਰਜ ਆਰੰਭਿਆ  ਹੁਣ ਪੰਜਾਬ ਤੇ ਪੰਜਾਬ ਤੋਂ ਬਾਹਰ ਵਦੇਸਾਂ ਵਿੱਚ ਵੱਸੇ ਪੰਜਾਬੀ ਇਸ ਵਿਧਾ ਨੂੰ ਅਪਣੇ ਵਿਹੜੇ ਬਿਠਾਕੇ ਇਸ ਨੂੰ ਮਾਨ ਦੇ ਰਹੇ ਹਨ ਤੇ ਆਪ ਮਾਨ ਹਾਸਲ ਕਰ ਰਹੇ ਹਨ  ਪੰਜਾਬੀ ਵਿੱਚ ਹਾਇਕੂ ਪੰਜਾਬੀ ਦੇ ਅੰਸ਼ ਤੋਂ ਕਿਵੇਂ ਵੰਚਤ ਰਹਿ ਸਕਦਾ ਸੀ; ਅੱਜ ਇਹ ਵਿਧਾ ਪੰਜਾਬੀ ਸੁਭਾਅ ਨਾਲ ਇੱਕ-ਮਿੱਕ ਹੋ ਕੇ ਜੁਆਨ ਅਵੱਸਥਾ ਵਿੱਚ ਪੈਰ ਧਰ ਆਪਣੇ ਪੈਰੀਂ ਆਪਣਾ ਸੁਤੰਤਰ ਮਾਰਗ ਸਿਰਜ ਰਹੀ ਹੈ

ਬਲਰਾਜ ਚੀਮਾ

# ਮੇਰੇ ਹਾਇਕੂ

ਮੇਰਾ ਪਹਿਲਾ ਹਾਇਕੂ ਸੰਗ੍ਰਹਿ 'ਖਿਵਣ' ਤੁਹਾਡੇ ਹੱਥਾਂ ਵਿਚ ਹੈ ਅਤੇ ਮੈਂ ਤੁਹਾਨੂੰ ਮੁਖ਼ਾਤਿਬ ਹਾਂ ਜਾਪਾਨੀ ਹਾਇਕੂ ਨਾਲ ਮੇਰੀ ਮੁਢਲੀ ਜਾਣਕਾਰੀ ਦਸ ਕੁ ਵਰ੍ਹੇ ਪਹਿਲਾਂ Robert Hass ਦੀ ਪੁਸਤਕ The Essential HAIKU Edited and with Verse Translation ਦੁਆਰਾ ਹੋਈ ਸੀ ਇਸ ਪੁਸਤਕ ਵਿਚ ਸੰਪਾਦਕ ਨੇ ਜਾਪਾਨ ਦੇ ਉਸਤਾਦ ਹਾਇਕੂ (ਹਾਇਜਨ) ਕਵੀਆਂ, ਬਾਸ਼ੋ, ਬੁਸੋਨ ਅਤੇ ਈਸਾ ਦੇ ਜੀਵਨ ਉਹਨਾਂ ਦੀ ਕਾਵਿ ਕਲਾ ਬਾਰੇ ਵਿਸਥਾਰ ਵਿਚ ਲਿਖਿਆ ਹੈ ਅਤੇ ਉਹਨਾਂ ਦੇ ਚੋਣਵੇਂ ਹਾਇਕੂ ਅੰਗਰੇਜ਼ੀ ਵਿਚ ਉਲੱਥਾ ਕੀਤੇ ਹਨ ਓਦੋਂ ਮੈਂ ਕਿਆਸ ਵੀ ਨਹੀਂ ਕੀਤਾ ਸੀ ਕਿ ਕਦੇ ਮੈਂ ਵੀ ਪੰਜਾਬੀ ਵਿਚ ਹਾਇਕੂ ਲਿਖਾਂਗਾ

ਅਕਤੂਬਰ 2008 ਵਿਚ ਅਮਰੀਕਾ ਦੇ ਸ਼ਹਿਰ ਡੀਟਰਾਇਟ ਵਿਚ, ਜਿਥੇ ਮੈਂ ਰਹਿੰਦਾ ਹਾਂ, ਇਕ ਕਵੀ ਦਰਬਾਰ ਹੋਇਆ ਜਿਸ ਵਿਚ ਅਮਰਜੀਤ ਸਾਥੀ ਵੀ ਸ਼ਾਮਲ ਹੋਏ ਉਹਨਾਂ ਕੋਲੋਂ ਪਹਿਲੀ ਵਾਰ ਪੰਜਾਬੀ ਹਾਇਕੂ ਸੁਣ ਕੇ ਮੈਨੂੰ ਹੈਰਾਨੀ ਹੋਈ ਅਤੇ ਖ਼ੁਸ਼ੀ ਵੀ ਜਪਾਨੀ ਭਾਸ਼ਾ ਦੀ ਇਹ ਕਾਵਿ ਵਿਧਾ ਪਰਾਈ ਨਾ ਲੱਗੀ ਉਹਨਾਂ ਦੀ ਪੁਸਤਕ 'ਨਿਮਖ' ਪੜ੍ਹਨ ਪਿੱਛੋਂ ਮੈਂ Robert Hass ਦੀ ਪੁਸਤਕ ਦੋਬਾਰਾ ਪੜ੍ਹੀ ਅਤੇ ਅਮਰਜੀਤ ਸਾਥੀ ਦੇ ਹਾਇਕੂ ਰਚਨ ਪ੍ਰਕਿਰਿਆ ਸਬੰਧੀ ਲੇਖ ਵੀ ਪੜ੍ਹੇ

ਨਵੰਬਰ 2008 ਵਿਚ ਮੈਂ ਪੰਜਾਬੀ ਵਿਚ ਪਹਿਲਾ ਹਾਇਕੂ ਲਿਖਿਆ ਜਿਸ ਵਿਚ ਪਤਝੜ ਰੁੱਤ ਦਾ ਸੰਕੇਤਕ ਸ਼ਬਦ ਕਿਗੋ

(kigo) ਵਰਤਿਆ  ਕਿਗੋ ਦੀ ਵਰਤੋਂ ਜਪਾਨੀ ਹਾਇਕੂ ਦੀ ਜ਼ਰੂਰੀ ਸ਼ਰਤ ਹੈ  ਹਾਇਕੂ ਸੀ:

ਝੜਦੇ  ਪੱਤੇ
ਢਲਦਾ  ਸੂਰਜ
ਰੰਗ ਵਟਾ  ਕੇ

ਇਸ ਹਾਇਕੂ ਨੂੰ ਅਮਰਜੀਤ ਸਾਥੀ ਨੇ ਆਪਣੇ ਹਾਇਕੂ ਬਲਾਗ www.haikupunjabi.wordpress.com ‘ਤੇ ਪੋਸਟ ਕਰ ਦਿੱਤਾ  ਮੇਰੀ ਪੰਜਾਬੀ ਹਾਇਕੂ ਕਵੀ (ਹਾਇਜਨ) ਵਜੋਂ ਪਛਾਣ ਬਣਨੀ ਅਰੰਭ ਹੋ ਗਈ

ਹਾਇਕੂ ਨਾਲ ਮੇਰੀ ਜਾਣਕਾਰੀ ਅੰਗਰੇਜ਼ੀ ਦੇ ਮਾਧਿਅਮ ਰਾਹੀਂ ਹੋਈ ਹੈ  ਜਾਪਾਨ ਦਾ ਭੂਗੋਲ ਪੰਜਾਬ ਨਾਲੋਂ ਵੱਖਰਾ ਹੈ  ਉਹਦੀਆਂ ਰੁੱਤਾਂ, ਰੁੱਖ, ਦਰਿਆ ਧਰਾਤਲ ਰਹਿਣ ਸਹਿਣ ਅਤੇ ਤਿਓਹਾਰ ਵਖਰੇ ਹਨ  ਮੇਰੇ ਹਾਇਕੂ ਪੰਜਾਬ ਦੇ ਚਿਤਰ ਉਲੀਕਦੇ  ਹਨ, ਜਿਥੇ ਰਹਿੰਦਾ ਹਾਂ ਉਹਦਾ ਅਨੁਭਵ ਦਰਸਾਉਂਦੇ ਹਨ  ਪੰਜਾਬ ਵੀ ਉਹ ਜਿਹੜਾ ਹਰ ਰੋਜ਼ ਬਦਲ ਰਿਹਾ ਹੈ  ਮੇਰੇ ਬਚਪਨ ਦੇ ਪੰਜਾਬ ਅਤੇ ਹੁਣ ਦੇ ਪੰਜਾਬ ਵਿਚ ਬਹੁਤ ਕੁਝ ਬਦਲ ਗਿਆ ਹੈ  ਮੇਰੇ ਹਾਇਕੂ ਬਦਲ ਰਹੇ ਪੰਜਾਬ ਦੇ ਪਰਛਾਵੇਂ ਫੜਨ ਦਾ ਯਤਨ ਹਨ

‘ਖਿਵਣ’ ਦੇ ਬਹੁਤੇ ਹਾਇਕੂ ‘ਹਾਇਕੂ ਪੰਜਾਬੀ ਬਲਾਗ’ ’ਤੇ ਪੋਸਟ ਹੁੰਦੇ ਰਹੇ ਹਨ  ਪੰਜਾਬੀ ਹਾਇਕੂ ਕਵੀਆਂ ਅਤੇ ਪਾਠਕਾਂ ਦੇ ਸੁਝਾਅ ਅਤੇ ਟਿੱਪਣੀਆਂ ਨੇ ਮੈਨੂੰ ਜਿਥੇ ਹੁਲਾਰਾ ਦਿੱਤਾ ਉਥੇ ਮੇਰੀਆਂ ਊਣਤਾਈਆਂ ਦਾ ਅਹਿਸਾਸ ਵੀ ਕਰਵਾਇਆ, ਮੈਂ ਸਭ ਦਾ ਰਿਣੀ ਹਾਂ  ਇਸ ਸੰਗ੍ਰਿਹ ਵਿਚ ਸ਼ਾਮਲ ਹਾਇਕੂ ਕਿਸੇ  ਤਰਤੀਬ ਵਿਚ ਦਰਜ਼ ਨਹੀਂ ਕਿਤੇ ਗਏ  ਰੁੱਤਾਂ, ਸਥਾਨ, ਘਟਨਾਵਾਂ ਅੱਗੇ ਪਿਛੇ ਹੋ

ਸਕਦੀਆਂ ਹਨ ਜੇ ਪੜ੍ਹ ਕੇ ਆਪਣੇ ਵਿਚਾਰ ਭੇਜ ਸਕੋਂ, ਮੈਂ ਰਿਣੀ ਹੋਵਾਂਗਾ

ਪੰਜਾਬੀ ਹਾਇਕੂ ਫੋਰਮ ਵਲੋਂ ਚਲਾਏ ਜਾਂਦੇ 'ਹਾਇਕੂ ਪੰਜਾਬੀ ਬਲਾਗ' ਦੇ ਮੇਰੇ ਸਹਿਯੋਗੀ ਸੰਪਾਦਕ ਸਾਥੀਆਂ ਗੁਰਪ੍ਰੀਤ ਅਤੇ ਜਸਵਿੰਦਰ ਸਿੰਘ ਜੀ ਦਾ 'ਖਿਵਣ' ਦੇ ਪ੍ਰਕਾਸ਼ਨ ਲਈ ਦਿੱਤੇ ਸੁਝਾਵਾਂ ਅਤੇ ਸਹਾਇਤਾ ਲਈ ਧੰਨਵਾਦੀ ਹਾਂ ਵਿਸ਼ੇਸ਼ ਤੌਰ 'ਤੇ ਅਮਰਜੀਤ ਸਾਥੀ ਜੀ ਦਾ ਧੰਨਵਾਦ ਕਰਨਾ ਜ਼ਰੂਰੀ ਸਮਝਦਾ ਹਾਂ ਜਿਹਨਾਂ ਦੀ ਲਗਾਤਾਰ ਪ੍ਰੇਰਨਾ ਅਤੇ ਯੋਗ ਅਗਵਾਈ ਤੋਂ ਬਿਨਾਂ ਮੇਰੇ ਅੰਦਰ ਕਰਵਟ ਲੈ ਰਹੇ ਹਾਇਕੂ ਦੇ ਪ੍ਰਗਟ ਹੋਣ ਦੀ ਸੰਭਾਵਨਾ ਨਹੀਂ ਸੀ ਮੈਂ ਆਪਣੇ ਉਸਤਾਦ ਪ੍ਰੋਫੈਸਰ ਨਵਤੇਜ ਭਾਰਤੀ ਜੀ ਦਾ ਵੀ ਵਿਸ਼ੇਸ਼ ਤੌਰ 'ਤੇ ਆਭਾਰੀ ਹਾਂ ਜਿਹਨਾਂ ਨੇ ਮੇਰੀ ਸਾਹਿਤਕ ਲਗਨ ਨੂੰ ਮਘਾਈ ਰਖਿਆ

ਗੁਰਮੀਤ ਸੰਧੂ
ਅਕਤੂਬਰ 2010

ਝੜਦੇ ਪੱਤੇ
ਢਲਦਾ ਸੂਰਜ
ਰੰਗ ਵਟਾ ਕੇ

ਬਾਬੇ ਦੀ ਅਰਥੀ ਚੱਲੀ
ਖੂੰਜੇ ਖੂੰਡੀ
ਖੜ੍ਹੀ ਇਕੱਲੀ

ਬੁਣਦੇ ...
ਜੁਲਾਹਾ ਖੱਡੀ ‘ਤੇ
ਮੱਕੜੀ ਛੱਤ ‘ਤੇ

ਰੈਣ ਬਸੇਰਾ
ਪੱਤੇ ਪੰਛੀ
ਇੱਕੋ ਟਹਿਣੀ

ਸਰਦ ਦੁਪਹਿਰਾ
ਸੀਤ ਹਵਾ
ਧੁੱਪ ਕੰਬੇ



ਖਾਲੀ ਘਰ, ਦੀਵਾਲੀ
ਵਿਹੜੇ ਵਿੱਚ ਜੁਗਨੂੰ
ਕੋਠੇ ਉੱਤੇ ਤਾਰੇ

ਮੂਕ ਕ੍ਰਾਂਤੀ...
ਕਾਲੀ ਅੱਖ ਨੀਲੀ ਅੱਖ
ਮਿਲ ਕੇ ਰੋਈ

ਨੋਟ: ਅਮਰੀਕਾ ਦੇ ਨਵੇਂ ਪ੍ਰਧਾਨ
ਬਰਾਕ ਓਬਾਮਾ ਦੇ ਚੋਣ ਨਤੀਜੇ ਦੀ ਖਬਰ 'ਤੇ

ਪ੍ਰਵਾਸੀ ਪਰਤਿਆ ਘਰ
ਬੱਚੇ ਕਹਿਣ
ਪਰਾਹੁਣਾ ਆਇਆ

ਬਾਬਲ ਵਿਹੜਾ
ਮੈਰਿਜ ਪੈਲਿਸ
ਡੋਲੀ ਲਿਮੋਜ਼ੀਨ ਦੀ

ਰਾਤ ਹਨੇਰੀ
ਰਾਖਾ ਹੈ ਕਿ ਚੋਰ
ਕੁਤੇ ਭੌਂਕਣ

ਇਕੋ ਅੰਬਰ ਉਡਦੇ
ਟੁੱਟੀ ਡੋਰ ਪਤੰਗ ਦੀ
ਸੂਰਜ ਰਿਹਾ ਅਡੋਲ

ਬਿੜਕ ਹੋਈ
ਬਾਰੀ ਖੋਲ੍ਹੀ
ਚੰਨ ਚਕੋਰ

ਧੁੱਪੇ ਨੀਂਦਰ ਆਈ
ਸਾਰੀ ਰਾਤ ਮੱਛਰ ਭਿਣਕੇ
ਸਰਘੀ ਵੇਲੇ ਭਾਈ

ਸਾਰੇ ਕਾਗਜ਼ ਪੂਰੇ
ਵੱਡੇ ਸਾਹਿਬ ਦੇ ਨਾਕੇ
ਨੋਟਾਂ ਬਿਨਾਂ ਅਧੂਰੇ

ਸੂਰਜ ਕਿਰਨਾਂ
ਤ੍ਰੇਲ, ਹਵਾ 'ਤੇ ਘਾਹ
ਸਭ ਕੁੱਝ ਨਵਾਂ

ਪਤੰਗ ਅੰਬਰ 'ਤੇ
ਬੱਚਾ ਧਰਤੀ 'ਤੇ
ਡੋਰ ਦੋਹਾਂ 'ਤੇ

ਬਹਾਰ ਦਾ ਸੂਰਜ
ਧੁੱਪੇ ਬਹਿਣ ਨਾ ਦੇਵੇ
ਛਾਵੇਂ ਰਹਿਣ ਨਾ ਦੇਵੇ

ਇੱਕੋ ਛਾਬੇ ਰੋਟੀ
ਮੇਰੀ 'ਤੇ ਡੱਬੂ ਦੀ
ਪੱਕੀ ਬੇਬੇ ਦੀ

ਵਰ੍ਹਦਾ ਮੀਂਹ
ਚੌਰਾਹੇ ਵਿਚ
ਬੁੱਤ ਵੀਨਸ ਦਾ

ਰੌਲਾ…
ਦਿਨੇ ਬਾਹਰ
ਰਾਤੀਂ ਅੰਦਰ

ਡਾਲੀ ਨਾਲੋਂ ਫੁੱਲ ਤੋੜਿਆ
ਮਜ਼ਾਰ ਚੜ੍ਹਾ ਕੇ ਮੰਗਿਆ
ਮਾਹੀ ਦਾ ਮਿਲਾਪ

ਸੰਘਣੀ ਧੁੰਦ...
ਰੁਕੀਆਂ ਉਡਨ-ਮਸ਼ੀਨਾਂ*
ਪੰਛੀ ਉਡ ਰਹੇ

**ਹਵਾਈ ਜਹਾਜ਼*

ਤੁਰਿਆ ਜਦ ਪ੍ਰਦੇਸ
ਸੱਭੇ ਹੱਥ ਹਿਲਾਉਣ
ਚੂੜੇ ਵਾਲੀ ਬਾਂਹ ਨਾ ਉਠੇ

ਕੈਮਿਸਟ ਦਾ ਟੁੱਟਿਆ ਤਾਲਾ
ਚੋਰੀ ਹੋ ਗਿਆ ਸਾਰਾ
ਸਿਰਪ* ਖੰਘ ਵਾਲਾ

** ਖੰਘ ਦੀ ਪੀਣ ਵਾਲੀ ਦੁਆਈ*

ਕਿਧਰੋਂ ਪ੍ਰਾਹੁਣਾ ਆਊ?
ਸਾਂਝੀ ਕੰਧ 'ਤੇ
ਕਾਂ ਬੋਲਦਾ

ਬਹਿ ਪਾਰਕ ਵਿਚਕਾਰ
ਬਾਬੇ ਵੱਢਣ ਯੱਕੜ
ਫਿਕਰ ਕਰੇ ਸਰਕਾਰ

ਬਹਾਰ ਵੀ ਕਾਹਲੀ?
ਪੱਤਝੜ ਵਾਂਗ
ਜਾਕੇ ਆਉਣ ਲਈ

ਮਾਘ ਮਹੀਨੇ ਮੀਂਹ
ਕਣਕਾਂ ਨਾਵ੍ਹਣ
ਸਣ-ਕੇਸੀਂ

ਮੀਂਹ ਦਾ ਚਿੱਕੜ
ਸੰਭੱਲ ਤੁਰਦੇ ਵੱਡੇ
ਬੱਚੇ ਪਾਉਣ ਧਮੱਚੜ

ਮੱਥਾ ਟੇਕ ਸਮਾਧ 'ਤੇ
ਮੰਗ ਸਫਰ ਦੀ ਸੁੱਖ
ਸਿਰ ਤੋੜ ਭਜਾਈ ਗੱਡੀ

ਦੋਵੇਂ ਮੰਗਤੇ
ਪੁਜਾਰੀ ਰਸੀਦ ਦੇ ਗਿਆ
ਭਿਖਾਰੀ ਅਸੀਸ

ਜੰਮੀ ਹੋਈ ਝੀਲ
ਬਰਫ਼ ਉਪਰ ਬੱਚੇ ਖੇਡਣ
ਬਰਫ਼ ਹੇਠਾਂ ਮੱਛੀਆਂ

ਬਰਫ਼ ਪਿਘਲੀ, ਦਿਸੇ
ਤਿੜਾਂ ਸੱਜਰੇ ਘਾਹ ਦੀਆਂ
ਪਿਛਲੇ, ਪਤਝੜ ਪੱਤੇ

ਪੋਹ ਮਹੀਨੇ ਮੀਂਹ
ਸਹਿਜੇ ਵਗਦੀ ਠੰਢੀ ਵਾਅ
ਭੱਜ ਕੇ ਅੰਦਰ ਆਈ

ਕਲੀ ਦਾ ਨਰਿਤ
ਕੋਇਲ ਦਾ ਗੀਤ
ਬਸੰਤ ਰੁੱਤ



ਬਹੁਤ ਚੁਭੀ
ਗੈਰਹਾਜ਼ਰੀ 'ਚੰਨ' ਦੀ
ਪੁੰਨਿਆਂ ਦੀ ਰਾਤ

ਬੈਠ ਬੈਂਚ 'ਤੇ ਕੋਲ ਕੋਲ
ਗੱਲਾਂ ਕਰਨ
ਮੋਬਾਇਲ 'ਤੇ ਦੂਰ ਦੂਰ

ਵਰ੍ਹਦਾ ਮੀਂਹ
ਉਹ ਭਾਲੇ ਛਤਰੀ
ਸਬਜ਼ੀ ਵਾਲਾ ਹੋਕਾ ਦੇਵੇ

ਭਾਰੀ ਬਰਫ਼ਬਾਰੀ
ਮਿਰਗ ਨੱਚਦੇ
ਸ਼ਿਕਾਰੀ ਸੇਕਣ ਅੱਗ

ਅੰਬਰ-ਸਕੂਲ ਵਿਹੜੇ
ਤਾਰਿਆਂ ਨੂੰ ਚੰਨ ਪੜ੍ਹਾਵੇ
ਟਿਮਟਿਮਾਉਣਾ  ਸਬਕ

ਚੰਨ, ਤਾਰੇ
ਹੁਣ ਵੇਖਾਂ ਦਿਨੇ
ਸਕਰੀਨ 'ਤੇ

'ਕਠੇ ਹੋ ਮਕਾਣ...
ਵੱਢੇ ਰੁੱਖ ਦੇ ਕੋਲ
ਮਿਰਗ  ਢੂਹੜੀ ਆਏ

ਹੋਲੀ ਦਾ ਦਿਨ
ਸਾਰੇ ਰੰਗ
ਇਕੋ ਰੰਗ

ਵਾਘਿਓਂ ਪਾਰ ਪਰਿੰਦਾ
ਲੰਘਿਆ ਮਾਰ ਉਡਾਰੀ
ਵੀਜ਼ਾ ਭਾਲੇ ਬੰਦਾ

ਮਹਿਕ ਗਿਆ ਵਿਹੜਾ
ਪੌਣ ਆਈ
ਕਲੀਆਂ ਕੋਲੋਂ ਲੰਘ ਕੇ

ਇਕੋ ਜਿਹਾ ਲਗੇ ਚੰਨ
ਅਕਾਸ਼ 'ਤੇ ਤਲਾਬ ਵਿਚ
ਦੋ ਘਰੀਂ ਪ੍ਰਾਹੁਣਾ

ਮੰਡੀ ਬੈਠਾ
ਸਿੱਲੀ ਕਣਕ ਦੀ ਰਾਖੀ
ਵੇਖੇ ਅੰਬਰ

ਝੀਲ 'ਚ ਉਤਰਿਆ
ਮੁਰਗ਼ਾਬ ਜੋੜਾ
ਦੇਸੋਂ ਪਰਤਿਆ

ਮੁਰਗ਼ੇ ਨੇ ਦਿੱਤੀ
ਜਾਣ ਤੋਂ ਪਹਿਲਾਂ
ਅੰਤਿਮ ਬਾਂਗ



ਪਿੰਡ ਓਥੇ
ਰਹਿ ਗਿਆ
ਸੁਪਨਾ ਏਥੇ

ਨੇਤਾ ਗਿਆ ਟਾਲ
ਪੱਤਰਕਾਰ ਨੇ ਪੁਛਿਆ
ਛਿੱਤਰ ਸੁੱਟ ਸਵਾਲ

ਬੱਦਲ ਗੱਜਿਆ
ਮੋਰ ਕੂਕਿਆ
ਸਾਵਣ ਚੂਕਿਆ

ਉਹਦੀ ਯਾਦ ਆਵੇ
ਪੌਣ ਵਗੇ
ਕਦੇ ਹਲਕੀ ਕਦੇ ਤੇਜ਼

ਪਰਤੀ ਰੁੱਤ
ਜਨਮੇ ਪੱਤ
ਚਿੜੀ ਦੀ ਲੋਰੀ

ਖਿੜਿਆ ਫੁੱਲ
ਹਸਦਾ ਲਗੇ, ਸ਼ਾਇਦ ਹਾਲੇ
ਪੱਤਝੜ ਨਹੀਂ ਵੇਖੀ



ਘਨਘੋਰ ਘਟਾ
ਖੇਤ 'ਚ ਖਿਲਰਿਆ
ਧੀ ਦਾ ਦਾਜ

ਵਧ ਗਏ ਪਾਰੇ
ਭੋਜ ਬਿਰਖ ਨੇ ਪਾਏ
ਵਸਤਰ ਸਾਵੇ

ਸੂਰਜ ਨੂੰ
ਪਿਠ ਦਿੱਤੀ
ਛਾਂ ਅੱਗੇ ਲੱਗੀ

ਬੀਚ ’ਤੇ ਧੁੱਪ ਸੇਕਣ
ਗੋਰੀ ਬਿਕਨੀ ਪਾ ਕੇ
ਕੱਛੂ ਸਿਰੀ ਕੱਢ ਕੇ

ਮਈ ਮਹੀਨਾ...
ਚੈਰੀ ਨੂੰ ਲਗੇ ਫੁੱਲ
ਗੀਤਾਂ ਨੂੰ ਚਿੜੀਆਂ

ਹੱਥ ਕੰਬੇ...
ਫੁੱਲ ਤੋੜਨ ਵੇਲੇ
ਚਿਤਾ 'ਤੇ ਰਖਣ ਵੇਲੇ



ਇਸ ਸਾਲ ਵੀ
ਫੁੱਲਾਂ ਦਾ ਓਹੀ ਰੰਗ
ਮੇਰਾ  ਬਦਲਿਆ

ਸਿਆਲ ਦਾ ਮੀਂਹ
ਕੱਚਾ ਕੋਠਾ
ਵਰ੍ਹਿਆ ਤੁਪਕਾ ਤੁਪਕਾ

ਹੱਥ ਸਾਧ ਦੇ ਬਾਟਾ
ਸਭ ਮੁਰਾਦਾਂ ਪੂਰੇ
ਮੰਗੇ ਲੱਪ ਕੁ ਆਟਾ

ਮਾਂ ਰੋਜ਼ ਉਡੀਕੇ
ਬੱਚੇ ਆਏ
ਮਦਰਜ਼ ਡੇਅ 'ਤੇ

ਕਲ੍ਹਾ ਆਇਆ
ਜਾਣ ਵੇਲੇ ਸਾਰੇ ਨਾਲ ਗਏ
ਥੋੜੀ ਦੂਰ ਤਕ

ਆਏ ‘ਕੱਠੇ
ਪੱਤੇ ਚੱਲੇ
‘ਕੱਲੇ ‘ਕੱਲੇ



ਚਿਰ ਪਿਛੋਂ...
ਡਾਕੀਆ ਆਇਆ
ਬਸ ਬਿਲ ਲੈ ਕੇ

ਸਵਾਈਨ ਫਲੂ
ਕੁਕੜ ਦੇਣ ਬਾਂਗਾਂ
ਸੂਰ ਮਾਰਨ ਲੇਰਾਂ

ਨੌਂਵੀਂ ਦਾ ਚੰਨ...
ਦੁਆਲੇ ਸਲੇਟੀ ਬਦਲੋਟੀ
ਸੁਰਮਈ ਨੈਣ

ਤਾਰ ਸੁੱਕਦੇ ਖਹਿ ਕੇ
ਦੁਪੱਟਾ 'ਤੇ ਸਾਫਾ
ਜ਼ੁਲਫਾਂ ਵਿਚ ਕੇਸ

ਮਾਖਿਓਂ...
ਬੋਤਲ 'ਚ ਬੰਦ
ਕਿਨੇ ਸਾਰੇ ਫੁੱਲ

ਮਦਰਜ਼ ਡੇ ...
ਆਇਆ ਬੁਕੇ
ਮਾਂ ਬੱਚੇ ਉਡੀਕੇ

ਚੋਣਾਂ ਦਾ ਦਿਨ
ਠੇਕੇ ਬੰਦ
ਠੇਕੇਦਾਰ ਖੁਲ੍ਹੇ

ਬੁੱਕੇ ਲੱਲੀ ਛੱਲੀ
ਵੋਟਾਂ ਕੀਤਾ
ਵੋਟਰ ਟੱਲੀ

ਮੁੜਕਾ ਚੋਵੇ
ਕੁਲਫੀ ਬੇਚੇ
ਠੰਢੀ, ਠੰਢੀ

ਸੇਵਾ ਮੁਕਤ
ਹਰ ਦਿਨ
ਐਤਵਾਰ

ਇਕੋ ਥਾਲੀ
ਖਾਣਾ ਖਾਈਏ
ਮੈਂ 'ਤੇ ਮੱਖੀਆਂ

ਪੈਨਸ਼ਨੀਆ ਖਿਜ਼ਾਬ ਲਾਉਂਦਾ
ਅਖਬਾਰ ਪੜ੍ਹੇ
ਬੁਢਾਪੇ ਦਾ ਸ਼ਰਤੀਆ ਇਲਾਜ

ਸਾਉਣ ਦੀ ਪੁੰਨਿਆਂ
ਸੰਘਣੇ ਰੁਖ
ਹਰੀ ਚਾਨਣੀ

ਪਿਤਰਾਂ ਦੀਆਂ ਕਬਰਾਂ
ਫੁੱਲ ਲਾਉਣ ਆਇਆ
ਬਾਪੂ, ਬੱਚਿਆਂ ਨਾਲ



ਰਾਤ ਹਨੇਰੀ
ਕੁੱਤੇ ਘਰ ਤਕ
ਛੱਡਣ ਆਏ

ਵਰ੍ਹਿਆਂ ਪਿੱਛੋਂ
ਪੁੱਛਾਂ ਰਸਤਾ
ਆਪਣੇ ਘਰ ਦਾ

ਝੱਲ ਮਾਰਦੀ
ਗਰਮ ਦੁਪਿਹਰੇ
ਮੇਪਲ ਟਾਹਣੀ

ਮੀਂਹ ਨਾਲ ਸੁਚਿਆਈ
ਮੇਪਲ ਟਾਹਣ
ਕਰੂੰਬਲ ਆਈ

ਗਰੀਬ ਕੁੜੀਆਂ
ਦਾ ਵਿਆਹ
ਦਾਨੀਆਂ ਦੀ ਵਾਹ ਵਾਹ

ਬੋਤਲ ਦਾ ਪਾਣੀ
ਧੁਆਂਖੀ ਪੌਣ
ਏਅਰਪੋਰਟ ਤੋਂ ਪਿੰਡ

ਜੀ ਟੀ ਰੋਡ ’ਤੇ ਢਾਬਾ
ਡਰਾਈਵਰ ਲਈ ਭੁੱਕੀ
ਸਵਾਰੀ ਲਈ ਪਰਾਂਠਾ

ਵਿਦਾ ਵਾਸਤੇ ਪਾਇਆ
ਕਜਲਾ, ਵਹਿ ਗਿਆ
ਵਿਦਾ ਹੋਣ ਵੇਲੇ

ਹਾੜ ਹਨੇਰੀ
ਮੜ੍ਹੀਆਂ ਦੀ ਮਿੱਟੀ
ਵਿਰਲਾਂ 'ਚੋਂ ਆਈ

ਬੋਹੜ ਦੀ ਛਾਂ...
ਖੂਹੀ ਦਾ ਪਾਣੀ
ਏ ਸੀ ਕਾਰ ਕੋਲੋਂ ਲੰਘ ਗਈ

ਉਡ ਗਿਐ…
ਚੱਕੀਰਾਹਾ ਵੀ ਸ਼ਾਮ ਨੂੰ
ਸੁੱਕੇ ਰੁੱਖ ਤੋਂ

ਰੁੱਝਿਆ ਜੋੜਾ…
ਇਕ ਹੱਥ ਬੇਲਣਾ
ਦੂਜੇ ਚਿਮਟਾ

ਛਿੜਕ ਵਿਹੜਾ...
ਮੰਜੀ ਬੈਠਾ ਮੰਗੇ
ਪਾਣੀ, ਨਾਲ ਗਲਾਸ

ਪਾਰਕ ਦੁਆਰ ...
ਸਮਾਂ ਸੂਚੀ
ਤਿਤਲੀਆਂ ਲਈ ਵੀ?

ਸੌਣ ਦਾ ਮੀਂਹ…
ਮਾਂ ਮਾਰੇ 'ਵਾਜਾਂ
ਬੱਚੇ ਲਾਹੁਣ ਕਮੀਜ਼ਾਂ

ਮੇਲੇ 'ਚ ਜਲੇਬੀਆਂ
ਮੱਖੀਆਂ ਨੇ ਚੱਖੀਆਂ
ਮੇਲੀਆਂ ਨੇ ਖਾਧੀਆਂ

ਬੱਦਲ ਗੱਜੇ
ਸੂਰਜ ਡੁੱਬਦਾ
ਬੇਬੇ ਬਾਲਣ ਕੱਜੇ

ਗੁਰੂ ਕਾ ਲੰਗਰ…
ਸੇਵਾਦਾਰ ਕਹੇ ਪ੍ਰਸ਼ਾਦਾ
ਬੱਚਾ ਮੰਗੇ ਪ੍ਰਸ਼ਾਦ

ਰੁਕੀ ਟਰੈਫਿਕ...
ਸੜਕ ਕਰੇਂਦਾ ਪਾਰ
ਬੱਤਖ ਦਾ ਪਰਿਵਾਰ

ਸਾਰਾ ਰਾਹ
ਵਿਛਿਆ ਘਰ ਤਕ
ਪੈਰਾਂ ਹੇਠ

ਪੱਖੇ ਦੀ ਗੂੰਜ
ਬੰਦ ਹੋਈ
ਮੱਛਰ ਭਿਣਕਿਆ

ਸੈਨਿਕ ਦਾ ਬੁੱਤ
ਮੋਢੇ ਬੈਠਾ
ਘੁੱਗੀਆਂ ਦਾ ਜੋੜਾ

ਸਾਉਣ ਮਹੀਨਾ
ਬੱਦਲ ਵਰ੍ਹਿਆ
ਰਾਹ ਬਣਿਆ ਦਰਿਆ

ਅੱਡੇ 'ਤੇ ਬੱਸ...
ਕੰਡਕਟਰ ਦੀ 'ਵਾਜ
ਸਵਾਰੀ ਦੀ ਦੌੜ

ਨੈਣ ਛਲਕਾਵੇ
ਗੱਡੀ ਦੀ ਕੂਕ
ਵਿਛੋੜੇ, ਮਿਲਾਵੇ

ਬਿਜਲੀ-ਕੱਟ...
ਸੁੱਤਾ ਰਿਹਾ
ਥੱਕਿਆ ਮਜ਼ਦੂਰ

ਮੁੜ ਭਾਫ਼ ਬਣੀ...
ਤੱਤੀ ਧਰਤ ਛੂੰਹਦਿਆਂ
ਪਹਿਲੀ ਕਣੀ

ਪੰਛੀ ਬੈਠਾ
ਸੁੰਨੇ ਘਰ 'ਤੇ
ਕਾਲੇ ਰੰਗ ਦਾ

ਕਿਰਨ ਪਲੇਠੀ
ਛਣ ਕੇ ਆਈ
ਪਹੁ-ਫੁਟਾਲਾ

ਮੀਂਹ ਦੀ ਵਾਛੜ
ਅੱਗੇ ਹੋ ਹੋ
ਭਿਜੱਣ ਪੱਤੇ

ਰੇਤ ਦਾ ਘਰ
ਬਣਾ ਕੇ ਬੱਚੇ
ਲਹਿਰਾਂ ਉਡੀਕਦੇ

ਬੱਚਿਆਂ ਨੇ ਲਾਏ
ਚੈਰੀ ਟਮਾਟਰ
ਖਰਗੋਸ਼ ਤੋੜਦੇ

ਸੌਣ ਮਹੀਨਾ
ਪੌਣ ਛੇੜਦੀ ਝੁੱਮਰ
ਪਾਉਂਦੇ ਰੁੱਖ

ਭਿਖਾਰੀ ਮੰਗ ਰਿਹਾ
ਭੁੱਖੇ ਬੱਚਿਆਂ ਲਈ
ਰੋਟੀ ਨਹੀਂ, ਰੁਪਈਆ

ਹਰ ਕੀ ਪੌੜੀ
ਤਰਦੀ ਮਛਲੀ
ਬਹਿਰੀ ਲੈਗੀ

ਪੜ੍ਹ ਪੰਜਾਬੀ...
ਭਈਆ ਬਣਿਆ ਪਾਠੀ
ਜੱਟ ਲਾਵੇ ਜੀਰੀ

ਪੱਤੇ ਹੂੰਝੇ...
ਭੱਠੀ ਵਾਲੀ ਮਾਈ
ਅੱਸੀਵੀਂ ਪੱਤਝੜ

ਘਰ ਨੂੰ ਤਾਲਾ...
ਚਿਰੀਂ ਲਗਿਆ
ਕੁੰਜੀ ਨਾ ਲਗੇ

ਘਰ ਬਣਾ ਕੇ...
ਤੁਰ ਗਿਆ
ਦੂਰ ਜਾ ਕੇ ਵਸਿਆ

ਬਾਬੇ ਦਾ ਜਨਮ ਦਿਨ
ਡਾਲੀ ਨਾਲੋਂ ਟੁੱਟ ਕੇ
ਪੱਤਾ ਪੈਰੀਂ ਡਿੱਗਾ

ਤਿਤਲੀ ਆਈ
ਖਿੜ ਗਏ
ਗੁਲਾਬ ਦੇ ਫੁੱਲ

ਓਥੇ ਪਿੱਪਲ
ਇਥੇ ਮੇਪਲ
ਗੈਰਹਾਜ਼ਰ

ਇਹ ਸੜਕ...
ਨਹੀਂ ਜਾਂਦੀ
ਰਾਹੀ ਜਾਂਦੇ

ਬੇਬੇ ਤੁਰ ਚੱਲੀ
ਬਾਬੇ ਦੀ ਖੂੰਡੀ
ਬਾਪੂ ਨੇ ਮੱਲੀ

ਰੁਕ ਕੇ ਗਏ
ਮੇਰੇ ਦਰ ‘ਤੇ
ਜਾਣ ਵੇਲੇ ਪੱਤੇ

ਸਾਵਾ ਪੱਤਾ...
ਪੀਲਾ ਹੋਇਆ
ਸੂਹਾ ਹੋ ਕੇ ਤੁਰਿਆ



ਸੀਤ 'ਵਾ ਚੱਲੇ
ਤਾਰ ਨਾਲੋਂ ਝੜਦੇ
ਮੋਤੀ 'ਕਲੇ 'ਕਲੇ

ਬਿਜਲੀ ਕੱਟ...
ਨੌਕਰ ਸੁੱਤਾ
ਮਾਲਕ ਜਾਗਦਾ

ਪੌਣ ਰੁਮਕੀ...
ਰੁੱਖ ਦੇ ਪੈਰੀਂ ਡਿੱਗਾ
ਟੀਸੀ ਵਾਲਾ ਪੱਤਾ

ਕੱਤਕ ਦਾ ਸੂਰਜ
ਰੁੱਖ ਦਾ ਪਰਛਾਵਾਂ
ਪੱਤਾ ਟਾਵਾਂ ਟਾਵਾਂ

ਸਾਲ-ਗਿਰਾਹ ਆਈ
ਠਰਦੇ ਲੈਟਰ ਬੌਕਸ ਅੰਦਰ
ਨਿਘਾ ਕਾਰਡ ਵਧਾਈ

ਭਾਰਤੀ ਰੈਸਟੋਰੈਂਟ
ਨੱਕ ਚੜ੍ਹਾਕੇ ਬੱਚੇ ਕਿਹਾ
ਨਾਨੀ -ਜ਼- ਕਿਚਨ

ਬਿਰਧ ਪੈਰ...
ਜੰਮਣ ਭੋਂ 'ਤੇ ਤੁਰਦੇ
ਬਾਲਾਂ ਵਾਂਗ

ਸੁੰਘ ਨਾ ਸਕਿਆ ਕੁੱਤਾ
ਬੰਦੇ ਦੇ ਜ਼ਿਹਨ 'ਚ
ਲੁੱਕਿਆ ਬੰਬ

ਸ਼ੁਭ ਕਾਮਨਾ ਕਾਰਡ
ਪੁਰਾਣੇ ਵਰ੍ਹੇ ਪਾਇਆ
ਨਵੇਂ ਵਰ੍ਹੇ ਆਇਆ

ਸਾਗ ਰਿਝਦਾ...
ਬੇਬੇ ਆਟਾ ਗੁਨ੍ਹੇ
ਚੁਲ੍ਹੇ ਦੁਆਲੇ ਟੱਬਰ

ਸਾਰਾ ਰਾਹ...
ਨਾਲ ਰਹੀ ਚੁੱਪ
ਬੂਹੇ 'ਤੇ ਖਲੋ ਗਈ

ਤਵੇ 'ਤੇ ਫੁਲਕਾ ਫੁੱਲਿਆ
ਕੰਤ, ਪ੍ਰਦੇਸੋਂ ਮੁੜਿਆ
ਬੂਹਾ ਖੁਲ੍ਹਿਆ

ਸੁਪਨੇ...
ਦਿਨੇ ਉਡੀਕੇ
ਰਾਤੀਂ ਆਏ

ਗਿਰਜੇ ਤੋਂ ਗੁਰਦੁਆਰਾ
ਕਰਾਸ ਲਾਹ ਕੇ ਖੰਡਾ
ਰੱਬ ਦਾ ਘਰ ਬਦਲਿਆ

ਇਕੋ ਗਲਾਸ
ਰਸ ਪੀਂਦੇ ਵਾਰੋ ਵਾਰੀ
ਉਹ ‘ਤੇ ਮੱਖੀ

ਰੋਜ਼ ਜਗਾਵੇ
ਬਾਰੀ ਵਿਚੋਂ
ਸੱਜਰਾ ਸੂਰਜ

ਖੜ੍ਹੀ ਉਡੀਕੇ ਮਾਂ
ਬਿਨ ਬੋਲੇ
ਉਡ ਗਿਆ ਕਾਂ

ਖੰਡ ਵਾਲਾ ਡੱਬਾ
ਸਾਰਿਆਂ ਨੇ ਟੋਲ਼ਿਆ
ਕੀੜੀਆਂ ਨੇ ਲੱਭਾ

ਸੁਖੱਣਾ ਹੋਈ ਪੂਰੀ
ਚੜ੍ਹਾਏ ਜਠੇਰੀਂ ਲੱਡੂ
ਭੋਗ ਲਾਵਣ ਡੱਬੂ

ਪਿੰਡ ਜਾ ਕੇ ਮੰਗਣ
ਮੰਮੀ, ਚਾਟੀ ਵਾਲੀ ਲੱਸੀ
ਮੁੰਨੀ, ਆਈਸ ਕਰੀਮ

ਚੋਰਾਂ ਚੁਗੀ ਕਪਾਹ
ਅਮਲੀ  ਅਤੇ ਸ਼ਰਾਬੀ
ਵਾਰੋ ਵਾਰ ਗਵਾਹ

ਚੇਤਰ ਚੜ੍ਹਿਆ
ਤਿਤਲੀਆਂ ਦੇ ਪਰ
ਪੰਖੜੀਆਂ ਦੇ ਦਰ

ਵੇਲੇ ਦੇ ਰੰਗ...
ਲਲਾਰੀ ਸਿੱਖਣ
ਸੀਣ ਮਾਰਨੀ

ਸਾਉਣ ਸ਼ਰਾਟਾ
ਚੀਂਕ ਚਿਹਾੜਾ
ਫਿਰ ਸੱਨਾਟਾ

ਦੋ ਕੰਢੇ ਦਰਿਆ ਦੇ
ਭਰਿਆ ਜਲ ਕਲ਼ਾਵੇ
ਇਕ ਦੂਜੇ ਦੇ ਸਾਹਵੇਂ

ਬਿਜਲੀ ਗਈ...
ਕੱਢੀ ਦਾਦੀ ਦੇ ਸੰਦੂਕ 'ਚੋਂ
ਪੱਖੀ ਘੁੰਗਰੂਆਂ ਵਾਲੀ

ਬੱਚਾ ਮੰਗੇ
ਮੱਥਾ ਟੇਕਣ ਨੂੰ ਭਾਨ
ਚਾਕਲੇਟ ਲਈ ਨੋਟ

ਬਰੋਟਾ...
ਆਲ੍ਹਣੇ ਚਿੜ੍ਹੀਆਂ
ਪੀਂਘੀਂ ਕੁੜੀਆਂ

ਮੀਂਹ ਵਰ੍ਹਿਆ
ਕੋਠਾ ਚੋਵੇ
ਵਿਹੜਾ ਭਰਿਆ

ਸ਼ੂਗਰ ਦਾ ਮਰੀਜ਼
ਵਾਹਿਗੁਰੂ ਆਖ
ਛਕ ਗਿਆ ਪ੍ਰਸ਼ਾਦ

ਮੀਂਹ ਹਟਿਆ
ਭਾਰੀ ਪੰਡ
ਗਿੱਲਾ ਰਾਹ

ਬੱਚਾ ਕਰੇ ਤਮਾਸ਼ਾ
ਬੱਚੇ ਵੇਖਦੇ
ਪੈਸੇ ਸੁੱਟਣ ਵੱਡੇ

ਸਾਉਣ ਦੀ ਝੜੀ
ਪਿੰਡੋਂ ਚਿੱਠੀ
ਭਿੱਜ ਕੇ ਆਈ

ਘਾਹ ‘ਤੇ
ਤਿਤਲੀਆਂ ਉੱਤਰੀਆਂ
ਵਿਖਰੇ ਰੰਗ

ਸ਼ਾਂਤ ਝੀਲ
ਚੱਲੇ ਫੁਆਰਾ
ਮੱਛੀਆਂ ਮਾਰਨ ਛਾਲਾਂ

ਜਾ ਰਹੇ ਨੇ
ਬੱਚੇ ਸਕੂਲ, ਸਿੱਖਣ
ਮਾਪੇ ਸਿੱਖ ਕੇ ਕੰਮ 'ਤੇ

ਬਾਣੀ ਪੜ੍ਹਦੇ ਆਏ
ਚਿਤਾ 'ਤੇ ਰੱਖ
ਨਿੰਦਾ ਕਰਦੇ ਮੁੜਗੇ

ਬਾਪੂ ਨੂੰ ਲਾਇਆ
ਸਿਖਰ ਦੁਪਹਿਰੇ ਦਾਗ:
ਸੇਕ ਤੋਂ ਡਰਦੇ ਕਾਨ੍ਹੀਂ

ਛੋਟੀ ਪੁੱਛੇ ਵੱਡੀ ਨੂੰ
ਚਿਕਨ ਕਰੀ ਦੀ ਰੈਸਪੀ
'ਗੂਗਲ* ਕਰ, ਵਡੀ ਬੋਲੀ'

*ਇੰਟਰਨੈਟ ਦਾ ਰੀਚਰਚ ਇੰਜਨ

ਚੁਲ੍ਹੇ ਦੀ ਰਾਖ...
ਮਾਂਜੀ ਕੌਲੀ
ਲਿਸ਼ਕਾਂ ਮਾਰੇ

ਲੋਹੜੀ ਬਲਦੀ
ਤਿੜ ਤਿੜ ਕਰਦੇ
ਸੁੱਟੇ ਤਿਲ

ਵਿਆਹ…
ਮੈਰਿਜ ਪੈਲਸ ਡੀ ਜੇ ਵੱਜੇ
ਘਰ ਬਨੇਰਿਓਂ ਉੜ ਗਿਆ ਕਾਂ

ਜਰਨੈਲੀ ਸੜਕ ‘ਤੇ
ਚਲਿਆ ਆਰਾ
ਢਹੇ ਰੁੱਖ, ਉੱਜੜੇ ਪੰਛੀ

ਮੇਪਲ ਤੋਂ ਪੱਤਾ
ਵਿਦਾ ਹੋਇਆ
ਪੱਤਿਆਂ ਨੂੰ ਮਿਲਿਆ

ਖਰਬੂਜ਼ਿਆਂ ਦਾ ਖੇਤ
ਮਾਲਕ ਤੋੜੇ ਪੱਕੇ
ਮੰਡੀਹਰ* ਰਾਤੀਂ ਕੱਚੇ

*ਮੁੰਡਿਆਂ ਦੀ ਢਾਣੀ

ਦਾਸੀ ਪੌਣ...
ਦਿਨੇ ਸੂਰਜ ਦੀ
ਰਾਤੀਂ ਚੰਨ ਦੀ

ਗੁਲਹਿਰੀ...
ਉਪਰ ਨੀਚੇ ਜਾਂਦੀ
ਬਲੂਤ ਨਾਪਦੀ ਜਾਪੇ

ਤੋਰੀ ਡੋਲੀ
ਮੈਰਿਜ ਪੈਲਿਸ 'ਚੋਂ
ਬਾਬਲ ਵਿਹੜਾ ਸੁੰਨਾ

ਤ੍ਰਿਕਾਲਾਂ ਢਲੀਆਂ
ਚੋਗਾ ਚੁਗ ਕੇ
ਯਾਦਾਂ ਮੁੜੀਆਂ

ਬੰਦ ਦਰਵਾਜ਼ੇ
ਪੱਖਾ ਚੱਲੇ
ਬਾਹਰ ਵਗੇ ਪੌਣ

ਬਹਾਰ ਆਈ
ਸਰਦ ਰੁੱਤ ਪਿਛੋਂ
ਉਹਦੀ ਯਾਦ ਆਈ

ਦੀਵਾਲੀ ਦੀ ਰਾਤ
ਸੁੰਨੇ ਘਰ ਕੋਈ
ਦੀਪ ਬਾਲ ਗਿਆ

ਸਰ੍ਹੋਂ ਦਾ ਖੇਤ
ਗੰਦਲਾਂ ਸਿਰ
ਸੂਰਜ ਦੀ ਸੱਗੀ

ਸਾਗ ਤੋੜਦੀ
ਸਿਖਰ ਦੁਪਿਹਰੇ ਮੁੰਨੀ
ਸਿਰ 'ਤੇ ਪੀਲੀ ਚੁੰਨੀ

ਬੱਦਲ ਗਰਜਣ
ਕਾਲ਼ੀ ਭਿੱਜੀ ਰਾਤ
ਬਿਜਲੀ ਲਿਸ਼ਕਦੀ



ਗੁਰਮੀਤ ਸੰਧੂ ਸਾਹਨੇਵਾਲ (ਲੁਧਿਆਣਾ) ਦਾ ਜਮਪਲ ਹੈ। 1968 ਵਿੱਚ ਪ੍ਰਵਾਸ ਕਰਕੇ ਇੰਗਲੈਂਡ ਚਲਾ ਗਿਆ। ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਟਿਨ ਦਾ ਕਈ ਵਰ੍ਹੇ ਸੈਕਟਰੀ ਰਿਹਾ। ਇੰਗਲੈਂਡ ਦੇ ਪ੍ਰਸਿੱਧ ਪੰਜਾਬੀ ਸਪਤਾਹਿਕ 'ਦੇਸ-ਪ੍ਰਦੇਸ' ਵਿੱਚ ਸਹਿ ਸੰਪਾਦਕ ਵਜੋਂ ਕੰਮ ਕੀਤਾ। 1979 ਵਿੱਚ ਅਮਰੀਕਾ ਆ ਗਿਆ। ਸਾਲ 1980 ਵਿੱਚ 'ਗਦਰ' ਤੋਂ 66 ਸਾਲ ਬਾਦ ਕੈਲੀਫੋਰਨੀਆ, ਅਮਰੀਕਾ ਵਿੱਚ ਪਹਿਲੇ ਪੰਜਾਬੀ ਸਪਤਾਹਿਕ ਅਖਬਾਰ 'ਪੰਜਾਬ ਪੱਤਰ' ਦੀ ਸੰਪਾਦਨਾ ਸ਼ੁਰੂ ਕੀਤੀ। ਅੱਜ ਕੱਲ੍ਹ ਅਮਰੀਕਾ ਦੀ ਮਿਸ਼ੀਗਨ ਸਟੇਟ ਦੇ ਨੌਂਵਈ ਸ਼ਹਿਰ ਵਿੱਚ ਰਹਿੰਦਾ ਹੈ। ਇੰਟਰਨੈਟ 'ਤੇ ਪੰਜਾਬੀ ਹਾਇਕੂ ਫੋਰਮ ਵਲੋਂ ਚਲਾਏ ਜਾਂਦੇ ਪੰਜਾਬੀ ਹਾਇਕੂ ਬਲਾਗ www.haikupunjabi.wordpress.com ਦੇ ਸੰਪਾਦਕੀ ਮੰਡਲ ਦਾ ਮੈਂਬਰ ਹੈ। ਖਿਵਣ ਇਹਦੀ ਪਹਿਲੀ ਪੁਸਤਕ ਹੈ।